# ਕੀਟਨਾਸ਼ਕ ਛਿੜਕਣ ਸਬੰਧੀ ਤੱਥ ਸ਼ੀਟ

ਕੀਟਨਾਸ਼ਕ ਕੀੜਿਆਂ, ਜਿਵੇਂ ਕਿ ਕੀਟ, ਬੀਮਾਰੀਆਂ, ਨਦੀਨ ਜਾਂ ਧਾਗੇਦਾਰ ਕਿਰਮਾਂ 'ਤੇ ਕਾਬੂ ਪਾਉਂਣ ਲਈ ਵਰਤੇ ਜਾਣ ਵਾਲੇ ਰਸਾਇਣ ਹਨ। ਫਸਲਾਂ ਦੇ ਬਚਾਉ ਵਾਸਤੇ ਇਹ ਰਸਾਇਣ ਅਕਸਰ ਸਿੱਧੇ ਹੀ ਪੌਦਿਆਂ ਉੱਪਰ ਛਿੜਕੇ ਜਾਂਦੇ ਹਨ ਅਤੇ ਇਹ ਫਲ ਦੇ ਕਿਸੇ ਹਿੱਸੇ ਨਾਲ ਵੀ ਲੱਗ ਸਕਦੇ ਹਨ ਜਿਹੜਾ ਫਲ ਅੰਤ ਨੂੰ ਖਾਣ ਵਾਲਿਆਂ ਵੱਲੋਂ ਖਾਧਾ ਜਾਣਾ ਹੁੰਦਾ ਹੈ। ਕੀਟਨਾਸ਼ਕ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੇ ਨਾਲ ਨਾਲ ਵਰਕਰਾਂ ਦੀ ਸੁਰੱਖਿਆ ਵਾਸਤੇ ਵੀ ਖਤਰਾ ਬਣ ਸਕਦੇ ਹਨ ਅਤੇ ਇਹ ਜ਼ਰੂਰੀ ਤੌਰ 'ਤੇ ਸਾਵਧਾਨੀ ਨਾਲ ਵਰਤੇ ਜਾਣੇ ਚਾਹੀਦੇ ਹਨ।



ਕੋਈ ਵੀ ਕੀਟਨਾਸ਼ਕ ਵਰਤੇ ਜਾਣ ਤੋਂ ਪਹਿਲਾਂ ਉਸਦਾ ਲੇਬਲ ਹਮੇਸ਼ਾਂ ਪੜ੍ਹਨਾਂ ਚਾਹੀਦਾ ਹੈ। ਲੇਬਲ ਉੱਪਰਲੀ ਜਾਣਕਾਰੀ 'ਚ ਇਹ ਕੁਝ ਸ਼ਾਮਲ ਹੁੰਦਾ ਹੈ:

- ਰਜਿਸਟਰੇਸ਼ਨ ਨੰਬਰ (PCP #)
- ਫਸਲਾਂ ਅਤੇ ਕੀਟ ਜਿੰਨ੍ਹਾਂ ਵਾਸਤੇ ਕੀਟਨਾਸ਼ਕ ਰਜਿਸਟਰਡ ਹੈ
- ਛਿੜਕਾਅ ਦੀ ਮਾਤਰਾ
- **ਤੁੜਵਾਈ ਤੋਂ ਪਹਿਲਾਂ ਵਕਫਾ**(PHI).
- ਸੁਰੱਖਿਆ ਜਾਣਕਾਰੀ

ਕੇਵਲ ਉਹ ਕੀਟਨਾਸ਼ਕ ਵਰਤੋ ਜਿਹੜੇ ਕੈਨੇਡਾ 'ਚ ਵਰਤਣ ਲਈ ਰਜਿਸਟਰਡ ਅਤੇ ਲੇਬਲਸ਼ੁਦਾ ਹਨ। ਕੀਟਨਾਸ਼ਕਾਂ ਨੂੰ ਧਿਆਨ ਨਾਲ ਮਿਣੋ ਅਤੇ ਵਿਸ਼ੇਸ਼ ਫਸਲ ਤੇ ਕੀਟ ਵਾਸਤੇ ਲੇਬਲ 'ਤੇ ਲਿਖੀ ਮਾਤਰਾ ਹੀ ਵਰਤੋ। ਬਹੁਤ ਜ਼ਿਆਦਾ ਮਾਤਰਾ ਖਰਾਬ ਕਰਨ ਵਾਂਗ ਹੈ ਅਤੇ ਨੁਕਸਾਨਦਾਇਕ ਹੋ ਸਕਦੀ ਹੈ, ਜਦੋਂ ਕਿ ਬਹੁਤ ਘੱਟ ਮਾਤਰਾ ਠੀਕ ਤਰ੍ਹਾਂ ਕਾਬੂ ਨਹੀਂ ਪਾ ਸਕੇਗੀ।

**ਤੁੜਵਾਈ ਤੋਂ ਪਹਿਲਾਂ ਵਕਫਾ** (PHI) ਉਨ੍ਹਾਂ ਦਿਨਾਂ ਦੀ ਗਿਣਤੀ ਬਾਰੇ ਦੱਸਦਾ ਹੈ ਜਿੰਨੇ ਦਿਨ ਤੁਹਾਨੂੰ ਕੀਟਨਾਸ਼ਕ ਦੇ ਛਿੜਕਾਅ ਤੋਂ ਮਗਰੋਂ ਸੁਰੱਖਿਅਤ ਤੁੜਵਾਈ ਕਰਨ ਵਾਸਤੇ ਜ਼ਰੂਰੀ ਤੌਰ 'ਤੇ ਉਡੀਕ ਕਰਨੀ ਪੈਣੀ ਹੈ। ਸਮੇਂ ਦੇ ਇਸ ਵਕਫੇ ਨਾਲ ਕੀਟਨਾਸ਼ਕ ਦਾ ਅਸਰ ਖਤਮ ਹੋ ਜਾਂਦਾ ਹੈ ਜਾਂ ਉਹ ਪੌਦੇ ਦੇ ਖਾਧੇ ਜਾਣ ਵਾਲੇ ਭਾਗ ਤੋਂ ਵਹਿ ਜਾਂਦਾ ਹੈ। PHI, ਤੋਂ ਸਭ ਤੋਂ ਨੇੜਲੀ ਤੁੜਵਾਈ ਕਰਨ ਸਕਣ ਦੀ ਤਰੀਕ (EAHD) ਨਿਰਧਾਰਤ ਕਰੋ, ਤਰੀਕ ਜਿਸ 'ਤੇ ਤੁਸੀਂ ਤੁੜਵਾਈ ਸ਼ੁਰੂ ਕਰ ਸਕਦੇ ਹੋ। ਤੁੜਵਾਈ ਤੋਂ ਪਹਿਲਾਂ, ਕੀਟਨਾਸ਼ਕ ਰਿਕਾਰਡ ਉੱਪਰ ਹਮੇਸ਼ਾਂ EAHDs ਚੈੱਕ ਕਰੋ।

ਕੀਟਨਾਸ਼ਕਾਂ ਨੂੰ ਪਕੜਨ ਵੇਲੇ ਜ਼ਰੂਰੀ ਤੌਰ 'ਤੇ ਦਸਤਾਨੇ ਅਤੇ ਲੇਬਲ 'ਤੇ ਦੱਸਿਆ ਸੁਰੱਖਿਆ ਦਾ ਹੋਰ ਸਾਜ਼ ਸਮਾਨ ਵਰਤੋ। ਰਸਾਇਣ ਡੁੱਲ੍ਹਣ 'ਤੇ ਉਨ੍ਹਾਂ ਨੂੰ ਝਟਪਟ ਸਾਫ ਕਰੋ ਅਤੇ ਸਾਫ ਕਰਨ ਸਮੇਂ ਉਤਪਾਦਨ ਦੇ ਨਿਰਮਾਤਾ ਵੱਲੋਂ ਦੱਸੇ ਗਏ ਢੰਗ ਤਰੀਕੇ ਅਪਨਾਉ। ਵਰਤੇ ਜਾਣ ਤੋਂ ਬਾਦ ਕੰਟੇਨਰਾਂ ਨੂੰ ਤਿੰਨ ਵਾਰ ਹੰਗਾਲੋ ਅਤੇ ਟਿਕਾਣੇ ਲਾ ਦਿੱਤੇ ਜਾਣ ਤੱਕ ਉਨ੍ਹਾਂ ਨੂੰ ਕਿਸੇ ਸੁਰੱਖਿਅਤ ਥਾਂ 'ਤੇ ਸਟੋਰ ਕਰਕੇ ਰੱਖੋ।

ਕੀਟਨਾਸ਼ਕ ਦੇ ਅਸਰ ਨੂੰ ਯਕੀਨੀ ਬਣਾਉਂਣ ਲਈ ਇਹ ਕਰਨਾਂ ਮਹੱਤਵਪੂਰਨ ਹੈ

- ਸਹੀ ਸਾਜ਼ ਸਾਮਾਨ ਵਰਤੋ ਜਿਹੜਾ ਠੀਕ ਠਾਕ ਸਾਂਭਿਆ ਗਿਆ, ਠੀਕ ਤਰ੍ਹਾਂ ਸੈੱਟ ਕੀਤਾ ਗਿਆ ਹੋਵੇ ਅਤੇ ਖੇਤ 'ਚ ਸਹੀ ਤੇ ਇਕਸਾਰ ਛਿੜਕਾਅ ਕਰਦਾ ਹੋਵੇ। ਆਪਣੇ ਕੀਟਨਾਸ਼ਕ ਛਿੜਕਾਅ ਵਾਲੇ ਸਾਜ਼ ਸਾਮਾਨ ਦੀ ਹਰ ਸੀਜ਼ਨ ਦੇ ਸ਼ੁਰੂ 'ਚ, ਜਦੋਂ ਕੋਈ ਪੁਰਜ਼ੇ ਬਦਲੇ ਹੋਣ ਜਾਂ ਜਦੋਂ ਸਪੀਡ ਸੈੱਟ ਕੀਤੀ ਹੋਵੇ ਉਸ ਵਕਤ ਸਹੀ ਥਾਂ 'ਤੇ ਸੈੱਟਿੰਗ ਕਰ ਲਉ।
- ਛਿੜਕਾਅ ਵਾਲਾ ਘੋਲ ਬਣਾਉਂਣ ਲਈ ਉੱਚ ਕੁਆਲਿਟੀ ਦੇ ਪਾਣੀ ਵਾਲੇ ਸੋਮੇ ਦਾ ਪਾਣੀ ਵਰਤੋ।
- ਕੀਟਨਾਸ਼ਕ ਦਾ ਛਿੜਕਾਅ ਲੇਬਲ 'ਤੇ ਦੱਸੇ ਗਏ ਸਮੇਂ ਅਤੇ ਵਾਤਾਵਰਣਕ ਹਾਲਤਾਂ ਤਹਿਤ ਕਰੋ।

## ਕੀਟਨਾਸ਼ਕ ਸਟੋਰ ਕਰਨਾਂ

ਪ੍ਰਦੂਸ਼ਣ ਅਤੇ ਅਚਨਚੇਤ ਸਾਹਮਣਾ ਹੋਣ ਤੋਂ ਬਚਾਅ ਵਾਸਤੇ ਕੀਟਨਾਸ਼ਕ ਜ਼ਰੂਰੀ ਤੌਰ 'ਤੇ ਕਿਸੇ ਨਿਰਧਾਰਤ, ਸੁਰੱਖਿਅਤ ਤੇ ਚੰਗੀ ਤਰ੍ਹਾਂ ਹਵਾਦਾਰ ਥਾਂ 'ਚ ਸਟੋਰ ਕੀਤੇ ਜਾਣ ਜਿੱਥੇ ਸਾਵਧਾਨੀ ਦੇ ਸਾਈਨ ਲੱਗੇ ਹੋਣ। ਸਟੋਰ ਵਾਲੀ ਥਾਂ ਜ਼ਰੂਰ ਬੰਦ

ਅਤੇ ਜੰਦਰਾ ਲੱਗੇ ਵਾਲੀ ਹੋਵੇ ਤਾਂ ਕਿ ਬੱਚੇ ਅਤੇ ਜਾਨਵਰ ਉੱਥੇ ਨਾ ਜਾ ਸਕਣ। ਕੀਟਨਾਸ਼ਕਾਂ ਦੇ ਨਾਲ ਹੋਰ ਵਸਤਾਂ ਨਾ ਸਟੋਰ ਕੀਤੀਆਂ ਜਾਣ। ਕੀਟਨਾਸ਼ਕਾਂ ਨੂੰ ਉਨ੍ਹਾਂ ਦੇ ਅਸਲੀ ਕੰਟੇਨਰਾਂ 'ਚ ਰੱਖੋ ਅਤੇ ਯਕੀਨੀ ਬਣਾਉ ਕਿ ਲੇਬਲ ਅਣਛੋਹੇ ਅਤੇ ਪੜ੍ਹੇ ਜਾ ਸਕਣ ਵਾਲੇ ਰਹਿਣ। ਪ੍ਰਦੂਸ਼ਣ ਦੀ ਰੋਕਥਾਮ ਲਈ ਕੀਟਨਾਸ਼ਕ ਖੂਹਾਂ ਤੋਂ ਘੱਟੋ ਘੱਟ 30 ਮੀਟਰ (100 ਫੁੱਟ) ਜਾਂ ਪਾਣੀ ਦੇ ਕਿਸੇ ਵੀ ਨਾਲੇ ਤੋਂ 15 ਮੀਟਰ (50 ਫੁੱਟ) ਦੂਰ ਸਟੋਰ ਕੀਤੇ ਜਾਣੇ ਚਾਹੀਦੇ ਹਨ।

**ਕੀਟਨਾਸ਼ਕ ਦੀ ਵਰਤੋਂ ਦਾ ਰਿਕਾਰਡ ਰੱਖੋ (ਅੰਗਰੇਜ਼ੀ 'ਚ),** ਘੱਟੋ ਘੱਟ ਹੇਠ ਲਿਖਿਆਂ ਸਹਿਤ :




- ਕੀਟਨਾਸ਼ਕ ਦਾ ਨਾਂ ਅਤੇ ਫਾਰਮੂਲਾ ਬਣਤਰ
- ਵਰਤੀ ਗਈ ਮਾਤਰਾ ਅਤੇ ਦਰ
- ਛਿੜਕਾਅ ਦੀ ਤਰੀਕ
- ਕੀਟ, ਜੋ ਨਿਸ਼ਾਨਾਂ ਸੀ
- ਤੁੜਵਾਈ ਤੋਂ ਪਹਿਲਾਂ ਦਾ ਵਕਫਾ (PHI)
- ਛਿੜਕਾਅ ਕਰਨ ਵਾਲੇ ਦਾ ਨਾਂ

ਤੁਹਾਡੇ ਫਾਰਮ 'ਤੇ ਕੋਈ ਵੀ ਵਿਅਕਤੀ ਜੋ ਕੀਟਨਾਸ਼ਕ ਨੂੰ ਫੜਦਾ ਵਰਤਦਾ ਹੈ ਉਸ ਕੋਲ ਉਸ ਤਰੀਕ ਤੱਕ ਦਾ ਤਾਜ਼ਾ **ਪੈਸਟੀਸਾਈਡ ਐਪਲੀਕੇਟਰ ਸਰਟੀਫਿਕੇਟ** ਹੋਣਾ ਚਾਹੀਦਾ ਹੈ। ਆਪਣਾ ਪੈਸਟੀਸਾਈਡ ਐਪਲੀਕੇਟਰਜ਼ ਕੋਰਸ ਲੈਣ ਲਈ ਅਤੇ/ਜਾਂ ਅੰਗਰੇਜ਼ੀ ਜਾਂ ਪੰਜਾਬੀ 'ਚੋਂ ਕਿਸੇ 'ਚ ਵੀ ਇਮਤਿਹਾਨ ਦੇਣ ਵਾਸਤੇ ਸਮਾਂ ਸੂਚੀ ਲੈਣ ਲਈ FARSHA ਨਾਲ (604-881-6078) 'ਤੇ ਸੰਪਰਕ ਕਰੋ। ਆਪਣੇ ਪੈਸਟੀਸਾਈਡ ਐਪਲੀਕੇਟਰਜ਼ ਸਰਟੀਫਿਕੇਟਾਂ ਨੂੰ ਤਰੀਕ ਤੱਕ ਤਾਜ਼ਾ ਰੱਖਣ ਲਈ ਸਬੰਧਤ ਕੋਰਸਾਂ ਅਤੇ ਸੈਮੀਨਾਰਾਂ 'ਚ ਜਾ ਕੇ ਪੁਆਇੰਟ ਇਕੱਠੇ ਕਰਦੇ ਰਹੋ।

**ਇੰਟੈਗਰੇਟਿਡ ਪੈਸਟ ਮੈਨੇਜਮੈਂਟ** (IPM) ਸੰਮਿਲਤ ਢੰਗ ਵਰਤਣ , ਵਾਚਣ 'ਤੇ ਜ਼ੋਰ ਦੇਣ, ਰੋਕਥਾਮ ਕਰਨ ਅਤੇ ਸਹੀ ਸਮਿਆਂ ਦੀ ਵਰਤੋਂ ਕਰਦਿਆਂ ਹੋਇਆਂ ਕੀਟਾਂ 'ਤੇ ਕਾਬੂ ਪਾਉਂਣ ਦਾ ਵਾਤਾਵਰਣਕ ਅਤੇ ਆਰਥਿਕ ਤੌਰ 'ਤੇ ਇਕ ਵਧੀਆ ਸਿਸਟਮ ਹੈ। IPM ਤੁਹਾਡੀ ਕੀਟਨਾਸ਼ਕਾਂ ਦੀ ਵਰਤੋਂ ਘੱਟ ਕਰਨ ਅਤੇ ਵਧੇਰੇ ਅਸਰਦਾਰ ਰੂਪ 'ਚ ਕੀਟਾਂ 'ਤੇ ਕਾਬੂ ਪਾਉਂਣ 'ਚ ਮਦਦ ਕਰ ਸਕਦਾ ਹੈ। ਆਪਣੇ ਫਾਰਮ 'ਤੇ ਖੁਦ ਆਪਣੇ IPM ਨੂੰ ਸ਼ੁਰੂ ਕਰਨ 'ਚ ਮਦਦ ਲੈਣ ਵਾਸਤੇ ਕਿਸੇ ਸਲਾਹਕਾਰ ਦੀ ਸਲਾਹ ਲੈਣ 'ਤੇ ਵਿਚਾਰ ਕਰਕੇ ਵੇਖੋ।

**ਰਿਕਾਰਡ ਜੋ ਰੱਖਣੇ ਹਨ (ਅੰਗਰੇਜ਼ੀ 'ਚ)**

- ਕੀਟਨਾਸ਼ਕ ਛਿੜਕਣ ਦਾ ਰਿਕਾਰਡ
- ਪੈਸਟੀਸਾਈਡ ਐਪਲੀਕੇਟਰਜ ਲਾਇਸੈਂਸ
- ਸਪਰੇਅਰ ਕੈਲੀਬਰੇਸ਼ਨ ਰਿਕਾਰਡ
- ਸਪੇਰਅਰ ਕੈਲੀਬਰੇਸ਼ਨ ਹਿਦਾਇਤਾਂ/ਢੰਗ ਤਰੀਕੇ
- ਕੀਟਨਾਸ਼ਕ ਖਰੀਦ ਰਿਕਾਰਡ/ਰਸੀਦਾਂ/ਜ਼ਾਮਨੀ ਦੀ ਚਿੱਠੀਆਂ

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਬੀ ਸੀ ਬਲੂਬੇਰੀ ਕੌਂਸਲ ਨਾਲ 604-864-2117 'ਤੇ ਸੰਪਰਕ ਕਰੋ।